International Research Journal of Humanities, Language and Literature
ISSN: (2394-1642)
Impact Factor 6.972 Volume 10, Issue 6, June 2023
Association of Academic Researchers and Faculties (AARF)
Website-www.aarf.asia, Email : editor@aarf.asia , editoraarf@gmail.com

# ਇਹ ਬਾਣੀ ਮਹਾਂਪੁਰਖ ਕੀ : ਗੁਰੂ ਨਾਨਕ ਬਾਣੀ ਦੇ ਸੰਦਰਭ ਵਿਚ

**ਡਾ. ਗੁਰਜਿੰਦਰ ਕੌਰ,** ਸਹਾਇਕ ਪ੍ਰੋਫੈਸਰ

ਪੰਜਾਬੀ ਵਿਭਾਗ, ਸ੍ਰੀ ਗੁਰੂ ਨਾਨਕ ਗਰਲਜ ਕਾਲਜ,

ਯਮੁਨਾਨਗਰ

ਗੁਰੂ ਨਾਨਕ ਪੰਜਾਬੀ ਕਵਿਤਾ ਦੀ 'ਗੁਰਮਤਿ ਕਾਵਿ ਧਾਰਾ' ਦੇ ਪਲੇਠੇ ਰਚਨਾਕਾਰ ਹਨ। ਉਹਨਾਂ ਦੀ ਸਮੁੱਚੀ ਰਚਨਾ ਦਾ ਜੋ ਸਾਨੂੰ ਸ੍ਰੋਤ ਪ੍ਰਾਪਤ ਹੁੰਦਾ ਹੈ ਉਹ ਹੈ 'ਆਦਿ-ਗ੍ਰੰਥ'। ਸਿੱਖ ਵਿਰਸੇ ਦੇ ਇਸ ਪਾਵਨ ਗ੍ਰੰਥ ਵਿਚ ਗੁਰੂ ਸਾਹਿਬਾਨ ਦੀ ਬਾਣੀ ਤੋਂ ਛੁੱਟ ਭਾਰਤੀ ਉਪ-ਮਹਾਂਦੀਪ ਦੇ ਵੱਖ-ਵੱਖ ਖੇਤਰਾਂ ਨਾਲ ਸਬੰਧਿਤ ਭਗਤਾਂ, ਭੱਟਾਂ ਅਤੇ ਸਿੱਖਾਂ ਦੀ ਰਚਨਾ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਇਤਿਹਾਸਕ ਦ੍ਰਿਸ਼ਟੀ ਤੋਂ ਗੁਰਮਤਿ ਕਾਵਿ ਧਾਰਾ ਦਾ ਸਿਰਜਣਾ ਕਾਲ 12ਵੀਂ ਸਦੀ ਤੋਂ ਲੈ ਕੇ 17ਵੀਂ ਸਦੀ ਤਕ ਫੈਲਿਆ ਹੋਇਆ ਹੈ। ਇਸ ਸਮੁੱਚੇ ਕਾਲਖੰਡ ਨੂੰ ਭਾਰਤੀ ਇਤਿਹਾਸ ਦਾ ਮੱਧਕਾਲ ਕਿਹਾ ਜਾਂਦਾ ਹੈ। ''ਗੁਰਮਤਿ ਕਾਵਿ-ਧਾਰਾ ਨਾਲ ਸਬੰਧਿਤ ਸਾਰੇ ਹੀ ਬਾਣੀਕਾਰਾਂ ਨੇ ਆਪਣੇ ਵੇਲੇ ਦੇ ਸਮਾਜਿਕ ਅਤੇ ਸਭਿਆਚਾਰਕ ਯਥਾਰਥ ਨੂੰ ਮੁੱਖ ਰੱਖ ਕੇ ਕਾਵਿਕ ਪ੍ਰਵਚਨ ਉਚਾਰਿਆ ਅਤੇ ਉਹਨਾਂ ਦੀ ਬਾਣੀ ਦੇ ਅਮੋਲਕ ਵਿਸ਼ੇ ਆਪਣੀ ਤੋਂ ਪੂਰਵਲੀ ਬਾਣੀ-ਪਰੰਪਰਾ ਅਤੇ ਭਗਤੀ ਕਾਵਿ ਨਾਲ ਸਮਾਨਤਾ ਰੱਖਦੇ ਹਨ। ਜਿਵੇਂ ਗੁਰਮਤਿ ਕਾਵਿਧਾਰਾ ਨਾਲ ਸਬੰਧਿਤ ਬਾਣੀਕਾਰ, ਭਗਤ ਕਵੀਆਂ ਦੇ ਵਿਚਾਰਾਂ ਨਾਲ ਤਾਂ ਸਹਿਮਤੀ ਰੱਖਦੇ ਹਨ ਪਰੰਤੂ ਨਾਥਬਾਣੀ ਨਾਲ ਸੰਵਾਦ ਰਚਾਉਂਦੇ ਹਨ, ਸਮੇਂ ਦੀ ਹਕੂਮਤ ਅਤੇ ਉਸ ਸਮੇਂ ਧਰਮ ਦੀ ਸੱਤਾ ਤੇ ਕਾਬਜ ਕਰਮਕਾਂਡੀਆਂ ਨੂੰ ਧਰਮ ਦੇ ਸਹੀ ਅਰਥ ਸਮਝਾਉਣ ਦਾ ਵੀ ਜਤਨ ਕਰਦੇ ਹਨ।''[1]

ਗੁਰੂ ਨਾਨਕ ਦੀ ਵਿਚਾਰਧਾਰਾ ਦੇ ਆਗਮਨ ਨਾਲ ਪੰਜਾਬੀ ਸਾਹਿਤ ਇਕ ਨਵੇਂ ਕ੍ਰਾਂਤੀਕਾਰੀ ਯੁੱਗ ਵਿਚ ਪ੍ਰਵੇਸ਼ ਕਰਦਾ ਹੈ ਅਤੇ ਨਾਲ ਹੀ ਪੰਜਾਬੀ ਸਾਹਿਤ ਵਿਚ ਇਕ

© Association of Academic Researchers and Faculties (AARF)
A Monthly Double-Blind Peer Reviewed Refereed Open Access International e-Journal - Included in the International Serial Directories.

ਸੁਨਹਿਰੀ ਕਾਲ ਆਰੰਭ ਹੁੰਦਾ ਹੈ। ਗੁਰੂ ਨਾਨਕ ਦੀ ਬਾਣੀ ਰਚਨਾ ਦਾ ਮੁੱਲ ਉਹਨਾਂ ਦੀ ਰਚਨਾ ਦੇ ਪ੍ਰਭਾਵ ਤੋਂ ਲਗਾਇਆ ਜਾ ਸਕਦਾ ਹੈ। ਪੰਜਾਬੀ ਦਾ ਸ਼ਾਇਦ ਹੀ ਕੋਈ ਸਾਹਿਤਕਾਰ ਹੋਵੇਗਾ ਜਿਸ ਨੇ ਸੁਚੇਤ ਜਾਂ ਅਚੇਤ ਤੌਰ ਤੇ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦੇ ਪ੍ਰਭਾਵ ਨੂੰ ਨਾ ਕਬੂਲਿਆ ਹੋਵੇ। ਇਸ ਮਹਾਂਪੁਰਖ ਦੀ ਉੱਚਾਰਨ ਕੀਤੀ ਬਾਣੀ ਅਤੇ ਸ਼ਖ਼ਸੀਅਤ ਉੱਤੇ ਅਣਗਿਣਤ ਕਵਿਤਾਵਾਂ, ਲੇਖ ਅਤੇ ਹੋਰ ਫੁਟਕਲ ਰਚਨਾਵਾਂ ਲਿਖੀਆਂ ਗਈਆਂ ਇਸ ਗੱਲ ਦਾ ਸਬੂਤ ਹਨ ਕਿ ਗੁਰੂ ਨਾਨਕ ਦਾ ਕੋਈ ਸਾਨੀ ਨਹੀਂ। ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਤੇ ਕੋਈ ਅਜਿਹਾ ਮੰਚ ਨਹੀਂ ਜਿੱਥੇ ਗੁਰੂ ਨਾਨਕ ਦੀ ਗੱਲ ਨਾ ਛਿੜੀ ਹੋਵੇ। ਪੰਜਾਬੀ ਸ਼ਬਦਕੋਸ਼ ਦਾ ਸ਼ਬਦ ਭੰਡਾਰ ਜੇਕਰ ਲੱਬਾ-ਲੱਬ ਭਰਿਆ ਹੈ ਤਾਂ ਉਸਦੇ ਪਿੱਛੇ ਇਕ ਵੱਡਾ ਕਾਰਨ ਗੁਰੂ ਨਾਨਕ ਬਾਣੀ ਦੀ ਸ਼ਬਦ ਚੋਣ ਹੈ। ''ਆਪ ਨੇ ਮਹਾਤਮਾ ਬੁਧ ਵਾਂਗ ਦੇਵ ਬੋਲੀ ਸੰਸਕ੍ਰਿਤ ਦੀ ਥਾਂ ਲੋਕ ਬੋਲੀ (ਕੇਂਦਰੀ ਪੰਜਾਬੀ) ਨੂੰ ਆਪਣੇ ਵਿਚਾਰਾਂ ਦਾ ਮਾਧਿਅਮ ਬਣਾਇਆ ਅਤੇ ਸਿੱਧ ਕੀਤਾ ਕਿ ਇਸ ਬੋਲੀ ਵਿਚ ਵੀ ਹਰ ਤਰ੍ਹਾਂ ਦੇ ਭਾਵਾਂ ਨੂੰ ਪ੍ਰਗਟਾਇਆ ਜਾ ਸਕਦਾ ਹੈ।''[2]

ਗੁਰੂ ਨਾਨਕ ਬਾਣੀ ਦੀ ਮੁੱਢਲੀ ਵਿਸ਼ੇਸ਼ਤਾ ਇਸਦਾ 'ਬ੍ਰਹਮ-ਕੇਂਦ੍ਰਿਤ' ਹੋਣਾ ਹੈ, ਇਹ ਬਾਣੀ ਮਨੁੱਖੀ ਜੀਵਨ ਦੇ ਯਥਾਰਥ ਨੂੰ ਪਰਮਾਰਥ ਦੇ ਨੁਕਤੇ ਤੋਂ ਪਰਿਭਾਸ਼ਿਤ ਕਰਨ ਦਾ ਉਪਰਾਲਾ ਕਰਦੀ ਹੈ। ਗੁਰੂ ਨਾਨਕ ਅਤੇ ਹੋਰ ਬਾਣੀਕਾਰਾਂ ਨੇ ਦੈਵੀ ਆਵੇਸ਼ ਵਿਚ ਜੋ ਬਾਣੀ ਉੱਚਾਰਨ ਕੀਤੀ ਉਸ ਪ੍ਰਤੀ ਗੁਰੂ ਨਾਨਕ ਦੇ ਬੋਲ ਹਨ-

**''ਜੈਸੀ ਮੈ ਆਵੈ ਖਸਮ ਕੀ ਬਾਣੀ।**
**ਤੈਸੜਾ ਕਰੀ ਗਿਆਨੁ ਵੇ ਲਾਲੋ।।''**[3]

**''ਸਚ ਕੀ ਬਾਣੀ ਨਾਨਕੁ ਆਖੈ।।**
**ਸਚੁ ਸੁਣਾਇਸੀ ਸਚ ਕੀ ਬੇਲਾ।।''**[4]

ਇਹਨਾਂ ਇਲਾਹੀ ਬੋਲਾਂ ਦਾ ਮੂਲ ਪ੍ਰਯੋਜਨ ਕਿਸੇ ਲੌਕਿਕ ਰਸ ਜਾਂ ਸੁਹਜ ਦੀ ਸਿਰਜਨਾ ਕਰਨਾ ਨਹੀਂ ਸੀ ਸਗੋਂ ਪਰਮਾਰਥ ਦੀ ਚੇਤਨਾ ਜਗਾਉਣਾ ਸੀ। ਉਹਨਾਂ ਦੀ ਬਾਣੀ ਨੇ ਸੰਸਾਰ ਵਿਚ ਇਕ ਨਵੀਂ ਪਰਿਭਾਸ਼ਾ ਸਥਾਪਿਤ ਕੀਤੀ ਇਹ ਬਾਣੀ ਹੀ ਉਹਨਾਂ ਦੀਆਂ ਯਾਤਰਾਵਾਂ ਦੌਰਾਨ ਪਰਚਾਰ ਦਾ ਮੁੱਖ ਸੋਮਾ ਸੀ। ਗੁਰੂ ਨਾਨਕ ਦੀਆਂ ਯਾਤਰਾਵਾਂ, ਉਹਨਾਂ ਦੀਆਂ ਉਦਾਸੀਆਂ ਨਹੀਂ ਸਨ ਸਗੋਂ ਗ੍ਰਹਿਸਥ ਜੀਵਨ ਵਿਚਲੇ ਹਰ ਤਰ੍ਹਾਂ ਦੇ ਫਰਜ

ਨਿਭਾਉਂਦਿਆਂ, ਉਹਨਾਂ ਨੇ ਉਸ 'ਧੁੰਧ' ਨੂੰ ਮਿਟਾਉਣ ਲਈ ਇਹ ਯਾਤਰਾਵਾਂ ਉਲੀਕੀਆਂ ਜਿਹਨਾਂ ਕਾਰਨ 'ਸੱਚ ਰੂਪੀ ਸੂਰਜ' ਅਸਤ ਹੋ ਚੁੱਕਿਆ ਸੀ। ਬਾਬਾ ਨਾਨਕ ਨੇ ਲਗਭਗ ਏਸ਼ੀਆ ਦਾ ਭ੍ਰਮਣ ਕੀਤਾ ਉਹ ਚਲ ਕੇ ਆਪ ਉਹਨਾਂ ਥਾਵਾਂ ਤੇ ਗਏ ਜੋ ਧਰਮ ਦੇ ਠੇਕੇਦਾਰਾਂ ਦੇ ਬਣਾਏ ਅਸੂਲਾਂ ਦੇ ਗੜ੍ਹ ਬਣ ਚੁੱਕੇ ਸਨ। ਆਪਣੇ ਇਲਾਹੀ ਬੋਲਾਂ ਰਾਹੀਂ 'ਜਗ ਵਿਚ ਚਾਨਣ' ਕਰਨ ਲਈ ਗੁਰੂ ਨਾਨਕ ਨੇ ਇਹ 35 ਹਜਾਰ ਕਿਲੋਮੀਟਰ ਦਾ ਸਫ਼ਰ 24 ਸਾਲਾਂ ਵਿਚ ਪੂਰਾ ਕੀਤਾ। ਇਹ ਹੀ ਉਹ ਸਮਾਂ ਸੀ ਜਦੋਂ ਗੁਰੂ ਨਾਨਕ ਨੇ ਬਾਣੀ ਉਚਾਰੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਲੇ 31 ਰਾਗਾਂ ਵਿਚੋਂ 19 ਰਾਗਾਂ ਵਿਚ ਗੁਰੂ ਨਾਨਕ ਦੇਵ ਜੀ ਨੇ ਬਾਣੀ ਉੱਚਾਰੀ। ''ਗੁਰੂ ਨਾਨਕ ਦੇਵ ਜੀ ਦੀ ਪ੍ਰਮਾਣਿਕ ਕਾਵਿ-ਰਚਨਾ ਨੂੰ 4 ਪ੍ਰਮੁੱਖ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ -

1. ਵੱਡੇ ਆਕਾਰ ਦੀਆਂ ਕ੍ਰਿਤੀਆਂ
2. ਨਿੱਕੇ ਆਕਾਰ ਦੀਆਂ ਕ੍ਰਿਤੀਆਂ
3. ਵਾਰਾਂ
4. ਫੁਟਕਲ (ਪਦੇ, ਸ਼ਬਦ, ਸ਼ਲੋਕ)''[5]

ਵੱਡੇ ਆਕਾਰ ਦੀਆਂ ਰਚਨਾਵਾਂ ਵਿਚ ਜਪੁ, ਸਿਧ ਗੋਸਟਿ, ਓਅੰਕਾਰ, ਪਟੀ, ਬਾਰਹਮਾਹਾ ਅਤੇ ਥਿਤੀ ਆਦਿ ਨੂੰ ਰੱਖਿਆ ਜਾ ਸਕਦਾ ਹੈ। ਸੰਖੇਪ ਵਿਚ ਇਹਨਾਂ ਵਿਚੋਂ ਕੁਝ ਰਚਨਾਵਾਂ ਵਿਚਲੇ ਵਿਸ਼ਿਆਂ ਵਿਚ ਗੁਰੂ ਨਾਨਕ ਨੇ ਜਿਸ ਆਤਮ ਗਿਆਨ ਦਾ ਪ੍ਰਗਟਾਵਾ ਕੀਤਾ ਉਸਦਾ ਸਿਲਸਿਲੇ ਵਾਰ ਅਧਿਐਨ ਕਰਦੇ ਹੋਏ ਅਸੀਂ ਕਹਿ ਸਕਦੇ ਹਾਂ ਕਿ ਜਪੁ ਜੀ ''ਗੁਰੂ ਨਾਨਕ ਦੇ ਅਧਿਆਤਮ ਦਰਸ਼ਨ ਦਾ ਸੁੰਦਰ ਤੇ ਸਹਿਜ ਰੂਪ ਹੈ, ਇਹ ਇਕ ਸ਼ਾਂਤ ਪ੍ਰਾਰਥਨਾ ਹੈ ਜਿਸ ਵਿਚ 'ਆਦਿ ਸਚੁ' ਨਾਲ ਆਤਮਾ ਦਾ ਸੰਵਾਦ ਅੰਕਿਤ ਹੈ। ਜ਼ਿੰਦਗੀ ਦੇ ਵੱਡੇ-ਵੱਡੇ ਮਸਲੇ ਗੰਭੀਰ ਤੇ ਦਾਰਸ਼ਨਿਕ ਵਿਸ਼ਲੇਸ਼ਣ ਦੇ ਵਿਭਿੰਨ ਪੱਖਾਂ ਤੇ ਕਲਾਤਮਕ ਸੁਹਜ ਨਾਲ ਜਪੁ ਜੀ ਵਿਚ ਪ੍ਰਗਟਾਏ ਗਏ ਹਨ।''[6]

''ਜਪੁ' ਦੀ ਰਚਨਾ ਕਦੋਂ ਹੋਈ- ਇਸ ਸਬੰਧ ਵਿਚ ਅਨੇਕ ਧਾਰਨਾਵਾਂ ਪ੍ਰਚਲਿਤ ਹਨ। ਕੁਝ ਵਿਦਵਾਨ ਇਸ ਦੀ ਰਚਨਾ ਗੁਰੂ ਨਾਨਕ ਦੇ ਸੁਲਤਾਨਪੁਰ ਵਿਚ ਵਿਨਾਸ ਸਮੇਂ ਤੋਂ ਮੰਨਦੇ ਹਨ ਅਤੇ ਕੁਝ ਇਸ ਦੀ ਰਚਨਾ 1521 ਤੋਂ ਬਾਅਦ ਗੁਰੂ ਨਾਨਕ ਦੇ ਕਰਤਾਰਪੁਰ ਵਿਚ ਨਿਵਾਸ ਕਰਨ ਵੇਲੇ ਸਿਧ ਕਰਦੇ ਹਨ।''[7] ਬਿਨਾ ਕਿਸੇ ਰਾਗ ਤੋਂ ਵੀ

© Association of Academic Researchers and Faculties (AARF)

'ਜਪੁ' ਰਸ ਨਾਲ ਭਰਪੂਰ ਰਚਨਾ ਹੈ ਅਤੇ ਸੂਤਿਕ ਸ਼ੈਲੀ ਵਿਚ ਲਿਖੀ ਹੋਈ ਹੈ, ਇਸ ਨੂੰ 'ਗੁਰੂ ਨਾਨਕ ਸੂਤ੍ਰ' ਵੀ ਕਹਿ ਸਕਦੇ ਹਾਂ ਜਿਸ ਦੀ ਵਿਆਖਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਹੈ। 'ਸੂਤ੍ਰ' ਤੋਂ ਭਾਵ ਹੈ formula, ਜੇਕਰ 'ਜਪੁ' ਨੂੰ formula's ਨਾਲ ਭਰਪੂਰ ਬਾਣੀ ਕਿਹਾ ਜਾਵੇ ਤਾਂ ਗਲਤ ਨਹੀਂ ਹੋਵੇਗਾ। ਜੀਵਨ ਦੇ ਅਨੁਭਵ ਦੇ ਆਧਾਰ ਤੇ ਗੁਰੂ ਨਾਨਕ ਨੇ ਹੁਕਮ ਦੇ ਸੰਕਲਪ ਰਾਹੀਂ, ਸਚਿਆਰਾ ਦੇ ਸੰਕਲਪ ਰਾਹੀਂ, ਸੁਣਨ ਅਤੇ ਮੰਨਣ ਦੇ ਸੰਕਲਪ ਰਾਹੀਂ, ਪੰਜ ਖੇਡਾਂ ਨੂੰ ਪਾਰ ਕਰਕੇ ਕਿਸ ਤਰ੍ਹਾਂ ਵਿਸਮਾਦ ਦੀ ਅਵਸਥਾ ਤੱਕ ਸਾਧਕ ਨੇ ਪਹੁੰਚਣਾ ਹੈ। ਉਸ ਦਾ formula ਇਸ ਬਾਣੀ ਵਿਚ ਦਿੱਤਾ ਗਿਆ ਹੈ।

'ਜਪੁ' 40 ਛੰਦਾ ਦੀ ਰਚਨਾ ਹੈ, 38 ਪਉੜੀਆਂ ਅਤੇ ਆਦਿ ਅੰਤ ਵਿਚ ਦੋ ਸ਼ਲੋਕ ਦਰਜ ਹਨ। ਮੁਢਲਾ ਸਲੋਕ ਪਰਮ ਸੱਤਾ ਦਾ ਅਜਿਹਾ ਚਿਤ੍ਰ ਮੂਰਤੀਮਾਨ ਕਰਦਾ ਹੈ ਜੋ ਜੀਵਨ ਦਾ ਆਦਰਸ਼ ਦਰਸਾਉਂਦਾ ਹੈ। ''ਇਸ ਰਚਨਾ ਦੇ ਆਰੰਭ ਵਿਚ 'ਮੂਲ-ਮੰਤ੍ਰ' ਦੇ ਰੂਪ ਵਿਚ 14 ਸ਼ਬਦਾਂ ਦਾ ਬ੍ਰਹਮ ਪਰਿਚਾਇਕ ਇਕ ਮੰਗਲਾਚਰਣ ਹੈ, ਇਸ ਜਪੁ ਰਚਨਾ ਦਾ ਅੰਗ ਨਹੀਂ, ਸਗੋਂ ਇਕ ਸੁਤੰਤਰ ਮੰਤ੍ਰ ਹੈ ਜਿਸ ਦੀ ਵਿਆਖਿਆ ਪਹਿਲਾ 'ਜਪੁ' ਬਾਣੀ ਵਿਚ ਅਤੇ ਫਿਰ ਸੰਪੂਰਣ ਬਾਣੀ ਵਿਚ ਹੈ।''[8] 'ਜਪੁ' ਦੇ ਅੰਤਮ ਭਾਗ ਵਿਚ ਆਤਮਾ ਦੀ ਚੜ੍ਹਾਈ ਦੀਆਂ ਪੰਜ ਸੂਖਮ ਅਵਸਥਾਵਾਂ ਦਸਦੇ ਹੋਏ- ਧਰਮਖੰਡ, ਗਿਆਨ ਖੰਡ, ਸਰਮ ਖੰਡ, ਕਰਮਖੰਡ, ਸਚਖੰਡ ਦੇ ਸੰਕਲਪਾਂ ਰਾਹੀਂ ਗੁਰੂ ਜੀ ਨੇ ਦੈਵੀ ਪ੍ਰਤਿਭਾ ਦਾ ਸਬੂਤ ਦਿੱਤਾ ਹੈ। ਮਹਾਨ ਕਵੀ ਨੇ ਅਜਿਹੇ ਗੰਭੀਰ ਮਸਲੇ ਨੂੰ ਅਲੰਕਾਰਕ ਬਿਆਨਾਂ ਰਾਹੀਂ ਰੋਚਕ ਬਣਾਇਆ ਹੈ। 'ਜਪੁ' ਗੁਰੂ ਨਾਨਕ ਦੀ ਰਬਾਬ ਹੈ ਜਿਸ ਵਿਚੋਂ ਅਜ ਵੀ ਸੱਚ ਦੀ, ਹੁਕਮ ਦੀ ਮਧੁਰ ਆਵਾਜ਼ ਸੁਣਾਈ ਦਿੰਦੀ ਹੈ। ''ਭਾਰਤੀ ਕਾਵਿ ਸ਼ਾਸਤਰ ਦੇ ਦ੍ਰਿਸ਼ਟੀਕੋਣ ਤੋਂ ਜਪੁਜੀ ਰਚਨਾ ਨੂੰ ਪ੍ਰਬੰਧ-ਕਾਵਿ ਦੇ ਅੰਤਰਗਤ ਰੱਖਿਆ ਜਾ ਸਕਦਾ ਹੈ। ਇਸ ਵਿਚਲੀਆਂ ਪਉੜੀਆਂ ਇਕ ਤਰ੍ਹਾਂ ਨਾਲ ਲਘੂ ਸਰਗ ਹਨ ਜਿਹਨਾਂ ਵਿਚ ਭਾਵਾਂ ਦੀ ਧਾਰਾ ਪ੍ਰਵਾਹਿਤ ਹੈ।''[9] ਸਿਧਾਂਤਕ ਦ੍ਰਿਸ਼ਟੀ ਤੋਂ ਇਹ ਰਚਨਾ ਇਸ ਲਈ ਵੀ ਮਹੱਤਵਪੂਰਨ ਹੈ ਕਿਉਂਕਿ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੁੱਢ ਵਿਚ ਦਰਜ ਹੈ ਅਤੇ ਨਿਤਨੇਮ ਦੀਆਂ ਬਾਣੀਆਂ ਵਿਚ ਸਭ ਤੋਂ ਪ੍ਰਮੁੱਖ ਅਤੇ ਪਹਿਲੀ ਬਾਣੀ ਹੈ।

ਗੁਰੂ ਨਾਨਕ ਨੇ ਬਹੁਤ ਸਾਰੇ ਕਾਵਿ ਰੂਪਾਂ ਵਿਚ ਬਾਣੀ ਲਿਖੀ ਜਿਸ ਵਿਚ ਉਹਨਾਂ ਦਾ ਇਕ ਵਿਸ਼ੇਸ਼ ਕਾਵਿ ਰੂਪ ਵਾਰ-ਆਸਾ ਹੈ। 'ਜਪੁ' ਬਾਣੀ ਦੀ ਤਰ੍ਹਾਂ ਇਹ ਵੀ

**© Association of Academic Researchers and Faculties (AARF)**

ਪਉੜੀਆਂ ਵਿਚ ਲਿਖੀ ਗਈ ਹੈ ਪਰੰਤੂ ਇੱਥੇ ਇਹ ਦੱਸਣਾ ਵੀ ਉਚਿਤ ਹੈ ਕਿ 'ਵਾਰ' ਪਉੜੀ ਛੰਦ ਵਿਚ ਹੀ ਲਿਖੀ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਆਪ ਨੂੰ ਪ੍ਰਭੂ ਦਾ ਢਾਡੀ ਕਹਿ ਕੇ ਉਸਦੀ ਉਸਤਤਿ ਵਿਚ ਵਾਰਾਂ ਲਿਖੀਆਂ। ਇਹ ਗਿਣਤੀ ਵਿਚ ਤਿੰਨ ਹਨ ਅਤੇ ਰਾਗ ਮਾਝ, ਆਸਾ ਅਤੇ ਮਲਾਰ ਹੇਠ ਦਰਜ ਹਨ। ਵਾਰ ਮਾਝ ਅਤੇ ਮਲਾਰ ਦੀਆਂ 27, 27 ਪਉੜੀਆਂ ਹਨ ਅਤੇ ਵਾਰ ਆਸਾ ਦੀਆਂ 24 ਪਉੜੀਆਂ ਹਨ। 'ਜਪੁ' ਬਾਣੀ ਦੀ ਤਰ੍ਹਾਂ ਹੀ 'ਆਸਾ ਦੀ ਵਾਰ' ਵੀ ਨਿੱਤ ਦੀ ਕੀਰਤਨੀ ਬਾਣੀ ਹੈ ਜਿਸ ਵਿਚ ਪੇਸ਼ ਹੋਏ ਵਿਸ਼ੇ ਅੱਜ ਵੀ ਪ੍ਰਾਸੰਗਿਕ ਨੇ, ''ਜਿਵੇਂ ਜੋ ਲੋਕ ਧਰਮ ਨੂੰ ਇਕ ਰਿਵਾਜੀ ਜੇਹੀ ਚੀਜ਼ ਸਮਝਦੇ ਹਨ, ਇਹ ਵਾਰ ਉਸ ਰਵਾਇਤੀ ਮਜ਼੍ਹਬ ਨੂੰ ਉਕਾ ਕਬੂਲ ਨਹੀਂ ਕਰਦੀ, ਸਗੋਂ ਉਹਨਾ ਰੀਤੀਵਾਦੀ ਤੇ ਰੂੜੀਵਾਦੀਆਂ ਧਰਮੀਆਂ ਨੂੰ 'ਬੂਆੜ' ਤਿਲ ਕਹਿ ਕੇ ਰੱਦ ਕਰਦੀ ਹੈ ਅਤੇ ਉਸ ਧਰਮ ਦਾ ਪ੍ਰਤਿਪਾਦਨ ਕਰਦੀ ਹੈ ਜੋ ਵਿਗਿਆਨਕ ਕਸਵੱਟੀ ਤੇ ਪੂਰਾ ਉਤਰਨ ਵਾਲਾ ਤੇ ਮਨੁੱਖ ਨੂੰ ਸਚਮੁੱਚ ਦੇਵਤਾ ਬਣਾਉਣ ਵਾਲਾ ਹੈ।''[10]

ਗੁਰੂ ਨਾਨਕ ਦੇਵ ਜੀ ਦੁਆਰਾ ਉਚਾਰੀ ਗਈ ਇਕ ਹੋਰ ਪ੍ਰਸਿੱਧ ਬਾਣੀ 'ਸਿਧ ਗੋਸਿਟ' ਹੈ। ਰਵਾਇਤ ਅਨੁਸਾਰ ਇਸ ਰਚਨਾ ਨੂੰ ਗੁਰੂ ਨਾਨਕ ਦੇਵ ਦੇ ਸਿੱਧਾਂ ਨਾਲ ਸੰਵਾਦ ਦੀ ਇਹ ਰਚਨਾ ਗੁਰੂ ਸਾਹਿਬ ਨੇ ਪੰਜਵੀਂ ਉਦਾਸੀ ਵੇਲੇ ਗੋਰਖ-ਹੱਟੜੀ ਦੇ ਸਥਾਨ ਤੇ ਉਚਾਰੀ ਪਰੰਤੂ ਭਾਈ ਗੁਰਦਾਸ ਇਸਦਾ ਰਚਨਾ-ਸਥਾਨ ਅਚਲ ਵਟਾਲਾ ਮੰਨਦੇ ਹਨ ਜਿੱਥੇ ਸ਼ਿਵਰਾਤਰੀ ਦੇ ਮੌਕੇ ਉੱਤੇ ਗੁਰੂ ਜੀ ਨੇ ਸਿੱਧਾਂ ਨਾਲ ਸੰਵਾਦ ਰਚਾਇਆ।''[11] ਸਿੱਧ ਗੋਸ਼ਟਿ ਤੋਂ ਜਿੱਥੇ ਗੁਰੂ ਨਾਨਕ ਸਾਹਿਬ ਦੀ ਤਾਰਕਿਕ ਸ਼ਕਤੀ ਦਾ ਪਤਾ ਲਗਦਾ ਹੈ, ਉੱਥੇ ਇਹ ਵੀ ਪਤਾ ਚਲਦਾ ਹੈ ਕਿ ਉਹ ਆਪਣੀ ਵਿਚਾਰਧਾਰਾ ਨੂੰ ਕਿੰਨੇ ਸਪਸ਼ਟ ਢੰਗ ਨਾਲ ਵਿਰੋਧੀਆਂ ਵਲੋਂ ਉਠਾਏ ਸ਼ੰਕਿਆ ਦੇ ਸਹਿਜ ਨਿਵਾਰਨ ਲਈ ਵਰਤਦੇ ਸਨ। ਸਿੱਧਾਂ ਨੇ ਗੁਰੂ ਜੀ ਤੋਂ ਕੀ ਸਵਾਲ ਕੀਤੇ ਅਤੇ ਗੁਰੂ ਸਾਹਿਬ ਨੇ ਕਿਵੇਂ-ਕਿਵੇਂ ਉਸਦੇ ਜਵਾਬ ਦਿੱਤੇ ਇਹ ਹੀ ਇਸ 'ਸਿੱਧ ਗੋਸ਼ਟਿ' ਦੀ ਖੂਬੀ ਹੈ।''[12] ਇਹ ਸਵਾਲ 70 ਦੇ ਲਗਭਗ ਹਨ। ਜਿਹਨਾਂ ਦਾ ਕੁਝ ਕੁ ਵੇਰਵਾ ਇਸ ਪ੍ਰਕਾਰ ਹੈ :

| | ਸਵਾਲ | ਜਵਾਬ |
|---|---|---|
| 1. | ਕਵਨ ਸੁ ਗੁਪਤਾ | ਘਟਿ ਘਟਿ ਗੁਪਤਾ |
| 2. | ਕਵਨ ਸੁ ਮੁਕਤਾ | ਗੁਰਮਖਿ ਮੁਕਤਾ |

© Association of Academic Researchers and Faculties (AARF)
A Monthly Double-Blind Peer Reviewed Refereed Open Access International e-Journal - Included in the International Serial Directories.

3. ਕਵਨ ਸੁ ਅੰਤਰਿ ਬਾਹਰਿ ਜੁਗਤਾ ਅੰਤਰਿ ਬਾਹਰਿ ਸਬਦਿ ਸੁ ਜੁਗਤਾ

4. ਕਵਨੁ ਸੁ ਤ੍ਰਿਭਵਣ ਰਹਿਆ ਸਮਾਇ ਨਾਨਕ ਗੁਰੁਮੁਖਿ ਸਾਚਿ ਸਮਾਇ

5. ਤੇਰਾ ਕਵਣ ਗੁਰੂ ਜਿਸ ਕਾ ਤੂ ਚੇਲਾ ਸ਼ਬਦੁ ਗੁਰੂ ਸੁਰਤਿ ਧੁਨਿ ਚੇਲਾ[13]

ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਦੀ 'ਸਿੱਧ ਗੋਸਠਿ' ਮੁੱਢਲੀ ਜਾਣ-ਪਛਾਣ ਵਾਲੇ ਪ੍ਰਸ਼ਨਾਂ ਤੋਂ ਸ਼ੁਰੂ ਹੋ ਕੇ ਜੀਵਨ-ਵਿਧੀ ਦੇ ਕੇਂਦਰੀ ਮਸਲੇ ਨਾਲ ਜਾ ਜੁੜ੍ਹਦੀ ਹੈ।

ਗੁਰੂ ਨਾਨਕ ਰਚਿਤ 'ਬਾਰਹ ਮਾਹਾ' ਉਹਨਾਂ ਦੀ ਇਕ ਹੋਰ ਹਰਮਨ ਪਿਆਰੀ ਰਚਨਾ ਹੈ। ''ਪੁਰਾਤਨ ਜਨਮ ਸਾਖੀ'' ਅਨੁਸਾਰ ਇਹ ਗੁਰੂ ਜੀ ਦੇ ਕਰਤਾਮਰਪੁਰ ਨਿਵਾਸ ਸਮੇਂ ਰਚੀ ਗਈ ਰਚਨਾ ਹੈ। ਇਹ ਪੁਰਾਤਨ ਭਾਰਤੀ ਸਾਹਿਤ ਦੇ ਕਾਵਿ ਰੂਪ ਰਿਤੂ ਵਰਣਨ/ਖਟ ਰਿਤੂ ਵਰਣਨ ਦਾ ਰੂਪਾਂਤਰ ਹੈ।''[14] ਇਹ ਬਾਰਾਂਮਾਹ 'ਤੁਖਾਰੀ' ਰਾਗ ਵਿਚ ਹੈ। ਇਹ ਇਸ਼ਕ ਹਕੀਕੀ ਤੇ ਇਸ਼ਕ ਮਜਾਜੀ ਦਾ ਸੁੰਦਰ ਸੁਮੇਲ ਹੈ। ਇਕ ਵਿਜੰਗਣ ਇਸਤਰੀ ਦਾ ਪ੍ਰਤੀਕ ਵਰਤ ਕੇ ਰੂਹਾਨੀਅਤ ਦੀ ਗੱਲ ਰੋਮਾਂਟਿਕ ਢੰਗ ਨਾਲ ਕੀਤੀ ਗਈ ਹੈ। ''ਲਗਭਗ ਹਰ ਮਹੀਨੇ ਦਾ ਆਰੰਭ ਗੁਰੂ ਕਵੀ 'ਭਲਾ' ਕਹਿ ਕੇ ਕਰਦੇ ਹਨ ਜੋ ਕਿ ਉਹਨਾਂ ਦੀ ਸ਼ਾਂਤ, ਸੰਤੁਲਿਤ ਤੇ ਸਹਿਜ ਅਵਸਥਾ ਦਾ ਸੂਚਕ ਹੈ :

1. ਚੇਤ ਬਸੰਤ ਭਲਾ
2. ਵੈਸਾਖ ਭਾਲ ਸਾਖਾ ਵੇਸ ਕਰੇ
3. ਮਾਹੁ ਜੇਠ ਭਲਾ ਪ੍ਰੀਤਮ ਕਿਉ ਬਿਸਰੈ
4. ਆਸਾੜ ਭਲਾ ਸੂਰਜ ਗਗਨਿ ਤਪੈ''[15]

ਬਾਰਾਂ ਮਹੀਨਿਆਂ ਅੰਦਰ ਜਿਵੇਂ-ਜਿਵੇਂ ਦੇ ਪ੍ਰਕ੍ਰਿਤੀ ਰੰਗ ਬਦਲਦੀ ਹੈ ਉਸੇ ਤਰ੍ਹਾਂ ਦੇ ਭਾਵ ਵਿਜੋਗਣ ਇਸਤਰੀ ਦੇ ਮਨ ਵਿਚ ਪੈਦਾ ਹੁੰਦੇ ਵਿਖਾਏ ਗਏ ਹਨ । ਭਾਵੇਂ ਇਸ ਰਚਨਾ ਦਾ ਆਕਾਰ ਬਹੁਤਾ ਵੱਡਾ ਨਹੀਂ- 17 ਬੰਦਾਂ ਵਿਚ ਰਚੀ ਗਈ ਇਸ ਰਚਨਾ ਦੇ ਵਿਚ ਪਹਿਲੇ 4 ਛੰਦ ਭੂਮਿਕਾ ਬੰਨਦੇ ਹਨ ਅਤੇ ਬਾਕੀ 12 ਬੰਦ 12 ਮਹੀਨਿਆਂ ਵਿਚਲੇ

© **Association of Academic Researchers and Faculties (AARF)**

ਮੌਸਮ ਪਰਿਵਰਤਨ, ਬਿਰਹਨ ਇਸਤਰੀ ਦੇ ਮਨ ਦੀ ਦਸ਼ਾ ਅਤੇ ਕੰਤ ਦੇ ਵਿਛੋੜੇ ਅਤੇ ਮਿਲਾਪ ਦੀ ਖੂਬਸੂਰਤੀ ਬਿਆਨ ਕੀਤੀ ਗਈ ਹੈ।

ਬਰਸੈ ਅੰਮ੍ਰਿਤ ਧਾਰ, ਬੂੰਦ ਸੁਹਾਵਣੀ

ਸਾਜਨ ਮਿਲੈ ਸਹਿਜ ਸੁਭਾਇ, ਹਰਿ ਸਿਉ ਪ੍ਰੀਤਿ ਬਣੀ[16]

ਆਸਾ ਰਾਗ ਵਿਚ ਰਚਿਆ ਗਿਆ ਗੁਰੂ ਨਾਨਕ ਦਾ ਇਕ ਹੋਰ ਕਾਵਿ ਰੂਪ 'ਪਟੀ' ਹੈ। ਕਿਹਾ ਜਾਂਦਾ ਹੈ ਕਿ ਇਹ ਗੁਰੂ ਨਾਨਕ ਦੀ ਪਲੇਠੀ ਰਚਨਾ ਹੈ। 'ਪਟੀ' ਕਾਵਿ ਰੂਪ ਨੂੰ ਗੁਰੂ ਸਾਹਿਬ ਨੇ ਗੁਰਮੁਖੀ ਦੇ 35 ਅੱਖਰਾਂ ਦੇ ਆਧਾਰ ਤੇ ਲਿਖਿਆ ਪਰੰਤੂ ਫੇਰ ਵੀ ਸਾਰੇ ਅੱਖਰ ਇਸਦਾ ਆਧਾਰ ਨਹੀਂ ਹਨ। ਥੋੜੇ ਹੀ ਅੱਖਰਾਂ ਨੂੰ ਲੈ ਕੇ 18 ਬੰਦ ਰਚੇ ਗਏ ਹਨ। ਇਸ ਕਾਵਿ ਰੂਪ ਨੂੰ ਰਚਨ ਸਬੰਧ ਗੁਰੂ ਨਾਨਕ ਸਾਹਿਬ ਦੀ ਇਕ ਸਾਖੀ ਗੋਪਾਲ ਪਾਂਧੇ ਨਾਲ ਜੋੜੀ ਜਾਂਦੀ ਹੈ ਕਿ ਜਦੋਂ ਗੁਰੂ ਨਾਨਕ ਨੂੰ ਗੋਪਾਲ ਪਾਂਧੇ ਕੋਲ ਪੜ੍ਹਨ ਭੇਜਿਆ ਗਿਆ ਸੀ। ਅਨੁਪ੍ਰਾਸ ਅਲੰਕਾਰ ਸਹਿਜ ਸੁਭਾ ਹੀ ਗੁਰੂ ਸਾਹਿਬ ਦੀ ਇਸ ਬਾਣੀ ਵਿਚ ਵੇਖਣ ਨੂੰ ਮਿਲਦਾ ਹੈ ਅਤੇ ਇਹ ਵਿਚਾਰ ਦ੍ਰਿੜ੍ਹ ਕਰਵਾਇਆ ਗਿਆ ਹੈ ਕਿ ਉਹ ਮਾਮੂਲੀ ਵਿਦਿਆ ਵੀ ਚੰਗੇਰੀ ਹੈ ਜੋ ਆਤਮ ਸੰਜਮਤਾ, ਸਮ-ਦ੍ਰਿਸ਼ਟੀ ਅਤੇ ਇਕ ਸੁਰਤਾ ਪੈਦਾ ਕਰ ਦੇਵੇ। ਇਸ ਤੋਂ ਛੁੱਟ ਇਕ-ਪਰਮੇਸ਼ਰ ਦੀ ਸੱਤਾ ਦਾ ਬੋਧ, ਹਉਮੈ ਦਾ ਤਿਆਗ, ਕਰਮ ਦੀ ਪਵਿੱਤਰਤਾ, ਸੰਸਾਰਕ ਨਾਸ਼ਮਾਨਤਾ ਆਦਿ ਵਿਸ਼ੇ ਸਪੱਸ਼ਟ ਕਰਦੇ ਹੋਏ ਗੁਰੂ ਨਾਨਕ ਵਿਚਾਰ ਪੇਸ਼ ਕਰਦੇ ਹਨ ਕਿ ''ਜੇਕਰ ਸਾਡੇ ਜੀਵਨ ਦੀ ਪਟੀ ਇਵੇਂ ਹੀ ਲਿਖੀ ਜਾਣੀ ਹੈ ਜਿਵੇਂ ਅਸੀਂ ਇਸ ਦੇ ਅੱਖਰ ਉਲਕਦੇ ਹਾਂ ਫਿਰ ਮਨੁੱਖ ਦੀ ਜਿੰਮੇਵਾਰੀ ਹੋ ਜਾਂਦੀ ਹੈ ਕਿ ਉਹ ਸ੍ਰੇਸ਼ਟ ਕਰਮ ਕਰੇ ਜਿਸ ਨਾਲ ਆਉਣ ਵਾਲਾ ਭਵਿੱਖ ਚੰਗਾ ਬਣ ਸਕੇ।''[17] ਗੁਰੂ ਜੀ ਦਾ ਫੁਰਮਾਨ ਹੈ :

ਦਦੈ ਦੋਸੁ ਨ ਦੇਊ ਕਿਸੈ, ਦੋਸੁ ਕਰੰਮਾ ਆਪਣਿਆ

ਜੋ ਮੈ ਕੀਆ ਸੋ ਮੈ ਪਾਇਆ

ਦੋਸੁ ਨ ਕੀਜੈ ਅਵਰ ਜਨਾ[18]

ਸਾਰਾਂਸ਼ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਪਰਚੇ ਵਿਚ ਚਰਚਾ ਦਾ ਆਧਾਰ ਬਣਾਈਆ ਬਾਣੀਆਂ ਤੋਂ ਛੁੱਟ ਗੁਰੂ ਨਾਨਕ ਸਾਹਿਬ ਜੀ ਦੀਆਂ ਹੋਰ ਵੀ ਪ੍ਰਸਿੱਧ ਬਾਣੀਆਂ ਹਨ ਜਿਵੇਂ ਥਿਤੀ, ਪਹਰੇ, ਅਲਾਹੁਣੀਆਂ, ਛੰਤ, ਸੋਲਹੇ, ਕੁੱਚਜੀ, ਸੁਚੱਜੀ, ਸੌਦਰੁ ਆਰਤੀ

**© Association of Academic Researchers and Faculties (AARF)**
A Monthly Double-Blind Peer Reviewed Refereed Open Access International e-Journal - Included in the International Serial Directories.

ਆਦਿ । ਪਰਚੇ ਦੀ ਸੀਮਾ ਨੂੰ ਧਿਆਨ ਵਿਚ ਰੱਖਦੇ ਹੋਏ ਸਾਰੀ ਬਾਣੀਆਂ ਦਾ ਉਲੇਖ ਸੰਭਵ ਨਹੀਂ । ਆਪਣੇ ਉੱਚਾਰੇ ਗਏ ਇਲਾਹੀ ਬੋਲਾਂ ਦੀ ਵਿਸ਼ਾਲਤਾ ਨੂੰ ਗੁਰੂ ਨਾਨਕ ਤੋਂ ਵੱਧ ਕੋਈ ਨਹੀਂ ਜਾਣ ਸਕਦਾ। ਆਪਣੀ ਤੁੱਛ ਬੁੱਧੀ ਦੀ ਪਕੜ੍ਹ ਵਿਚ ਆਏ ਛਿਣ ਮਾਤਰ ਵਿਚਾਰਾਂ ਦੇ ਸੰਦਰਭ ਵਿਚ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਬਾਣੀ ਰਾਹੀਂ ਮਨੁੱਖੀ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੀ ਇਕ ਵਿਸ਼ੇਸ਼ ਭਾਤ ਦੀ ਵਿਸ਼ਵ-ਦ੍ਰਿਸ਼ਟੀ ਰਾਹੀਂ ਮਾਨਵਤਾ ਦੀ ਰਹਿਨੁਮਾਈ ਲਈ ਉੱਭਰ ਕੇ ਸਾਹਮਦੇ ਆਉਂਦੀ ਹੈ। ਇਸ ਤੋਂ ਛੁੱਟ ਗੁਰੂ ਨਾਨਕ ਸਾਹਿਬ ਦੀ ਬਾਣੀ ਰਚਨਾ ਦੀਆਂ ਪ੍ਰਗਟਾਉ-ਵਿਧੀਆਂ ਸ਼ੈਲੀਗਤ ਜੁਗਤਾਂ, ਛੰਦ-ਪ੍ਰਬੰਧ, ਪ੍ਰਤੀਕ ਤੇ ਬਿੰਬ ਵਿਧਾਵਾਂ ਅਤੇ ਰਹੱਸ ਤੇ ਰਮਜਾ ਭਰੀ ਭਾਸ਼ਾ ਰਾਹੀਂ ਮਨੁੱਖੀ ਚੇਤਨਾ ਨੂੰ ਬ੍ਰਹਿਮੰਡੀ ਵਿਸਥਾਰ ਦੇਣ ਵਿਚ ਸਫ਼ਲ ਹੋਈ ਹੈ।

## ਹਵਾਲੇ ਤੇ ਟਿਪਣੀਆਂ


1. ਜਗਬੀਰ ਸਿੰਘ, ਗੁਰਮਤਿ ਕਾਵਿ ਦਾ ਇਤਿਹਾਸ, ਪੰਨਾ 15
2. ਗੁਰਦੀਪ ਸਿੰਘ, ਅੰਤਰਰਾਸ਼ਟਰੀ ਪੱਤ੍ਰਿਕਾ ਪ੍ਰਮਾਣਾ, ਪੰਨਾ 518
3. ਆਦਿ ਗ੍ਰੰਥ, ਪੰਨਾ 722
4. ਆਦਿ ਗ੍ਰੰਥ, ਪੰਨਾ 723
5. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ ਵਿਚਾਰਧਾਰਾ, ਪੰਨਾ 45
6. ਪਿਆਰਾ ਸਿੰਘ ਪਦਮ, ਨਾਨਕ ਸ਼ਾਇਰ ਏਵ ਕਹਤੁ ਹੈ, ਪੰਲਾ 9
7. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ ਵਿਚਾਰਧਾਰਾ, ਪੰਨਾ 46
8. ਉਹੀ, ਪੰਨਾ 47
9. ਜਗਬੀਰ ਸਿੰਘ, ਗੁਰਮਤਿ ਕਾਵਿ ਦਾ ਇਤਿਹਾਸ, ਪੰਨਾ 124
10. ਪਿਆਰਾ ਸਿੰਘ ਪਦਮ, ਨਾਨਕ ਸ਼ਾਇਰ ਏਵ ਕਹਤੁ ਹੈ, ਪੰਨਾ 47
11. ਜਗਬੀਰ ਸਿੰਘ, ਗੁਰਮਤਿ ਕਾਵਿ ਦਾ ਇਤਿਹਾਸ, ਪੰਨਾ 125
12. ਪਿਆਰਾ ਸਿੰਘ ਪਦਮ, ਨਾਨਕ ਸ਼ਾਇਰ ਏਵ ਕਹਤੁ ਹੈ, ਪੰਨੇ 56-57
13. ਉਹੀ, ਪੰਨਾ 60
14. ਜਗਬੀਰ ਸਿੰਘ, ਗੁਰਮਤਿ ਕਾਵਿ ਦਾ ਇਤਿਹਾਸ, ਪੰਨਾ 126
15. ਪਿਆਰਾ ਸਿੰਘ ਪਦਮ, ਨਾਨਕ ਸ਼ਾਇਰ ਏਵ ਕਹਤੁ ਹੈ, ਪੰਨਾ 100
16. ਆਦਿ ਗ੍ਰੰਥ, ਪੰਨਾ 1107
17. ਪਿਆਰਾ ਸਿੰਘ ਪਦਮ, ਨਾਨਕ ਸ਼ਾਇਰ ਏਵ ਕਹਤੁ ਹੈ, ਪੰਨਾ 91
18. ਆਦਿ ਗ੍ਰੰਥ, ਪੰਨਾ 432